# ਉਸ ਹਰ ਵਿਅਕਤੀ ਲਈ ਖੁਸ਼ਖ਼ਬਰੀ ਜਿਹੜਾ ਸਦਾਕਾਲ ਲਈ ਜੀਉਣਾ ਚਾਹੁੰਦਾ ਹੈ

ਆਦ ਵਿੱਚ ਏਲੋਹੀਮ ਨੇ ਅਕਾਸ਼ ਅਤੇ ਧਰਤੀ ਨੂੰ **ਰਚਿਆ** (ਉਤਪਤ 1:1) ਅਤੇ ਜੋ ਕੁਝ ਇਸ ਵਿੱਚ ਹੈ ਉਸ ਸਭ ਦੀ ਸਿਰਜਣਾ ਕੀਤੀ (ਕੁਲੁੱਸੀਆਂ 1:16)। ਉਸ ਦੀ ਸਭ ਤੋਂ ਉੱਤਮ ਰਚਨਾ **ਆਦਮੀ** ਅਤੇ **ਔਰਤ** ਸੀ ਜਿਨ੍ਹਾਂ ਨੂੰ ਉਸ ਨੇ ਆਪਣੇ ਸਰੂਪ ਉੱਤੇ ਸਿਰਜਿਆ ਗਿਆ (ਉਤਪਤ 1:26-28)। ਬਾਦ ਵਿੱਚ ਉਨ੍ਹਾਂ ਪਰਮੇਸ਼ੁਰ ਦੀ **ਅਣਆਗਿਆਕਾਰੀ ਕੀਤੀ**। ਤਦ **ਪਾਪ** ਸੰਸਾਰ ਵਿੱਚ ਆਇਆ। ਪਾਪ ਦਾ ਨਤੀਜਾ **ਮੌਤ** ਹੈ (ਰੋਮੀਆਂ 6:23) ਅਤੇ ਇਹ ਸਭਨਾਂ ਮਨੁੱਖਾਂ ਤੀਕ ਫੈਲ ਗਿਆ ਕਿਉਂਕਿ ਪਹਿਲੇ ਮਨੁੱਖ ਆਦਮ ਤੋਂ ਬਾਦ ਪੈਦਾ ਹੋਣ ਵਾਲੇ ਹਰੇਕ ਵਿਅਕਤੀ ਵਿੱਚ ਉਸੇ ਦਾ ਪਾਪੀ ਸੁਭਾਅ ਸੀ (ਰੋਮੀਆਂ 3:23; 5:12)।

ਪਰ **ਪਰਮੇਸ਼ਰ ਨੇ ਜਗਤ ਨਾਲ ਅਜਿਹਾ ਪਿਆਰ ਕੀਤਾ** ਕਿ ਉਸ ਨੇ ਆਪਣੇ ਪੁੱਤਰ ਯਿਸੂ ਮਸੀਹ ਨੂੰ ਜਗਤ ਦਾ ਮੁਕਤੀਦਾਤਾ ਬਣਨ ਵਾਸਤੇ ਭੇਜਿਆ (ਯੂਹੰਨਾ 3:16)। ਯਿਸੂ ਦਾ ਜਨਮ ਇੱਕ ਕੁਆਰੀ ਤੋਂ ਹੋਇਆ, ਏਲੋਹੀਮ (ਪਰਮੇਸ਼ੁਰ) ਉਸ ਦਾ ਪਿਤਾ ਸੀ ਜਿਸ ਕਰਕੇ ਉਸ ਦੇ ਅੰਦਰ ਪਾਪੀ ਸੁਭਾਅ ਨਹੀਂ ਸੀ ਜਿਵੇਂ ਕਿ ਬਾਕੀ ਸਾਰੇ ਮਨੁੱਖਾਂ ਦੇ ਅੰਦਰ ਹੈ ਅਤੇ ਇਸ ਕਰਕੇ ਉਸ ਨੇ ਇੱਕ ਪਾਪ ਰਹਿਤ ਜੀਵਨ ਜੀਵਿਆ। ਕੇਵਲ **ਯਿਸੂ ਵਿੱਚ ਹੀ ਇਹ ਯੋਗਤਾ ਸੀ** ਕਿ ਉਹ ਜਗਤ ਦੇ ਪਾਪ ਲਈ **ਉਹ ਇਕਲੌਤੀ ਕੁਰਬਾਨੀ ਬਣੇ ਜੋ ਪਰਮੇਸ਼ੁਰ ਨੂੰ ਕਬੂਲ** ਹੋਵੇ।

1 ਕੁਰੰਥੀਆਂ 15:3-6 ਯਿਸੂ ਮਸੀਹ ਪੁਸਤਕਾਂ ਦੇ ਅਨੁਸਾਰ **ਸਾਡਿਆਂ ਪਾਪਾਂ ਦੇ ਕਾਰਨ ਮੋਇਆ** ਅਤੇ ਇਹ ਕਿ ਉਹ ਦੱਬਿਆ ਗਿਆ ਅਤੇ ਇਹ ਕਿ ਉਹ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ **ਜੀ ਉੱਠਿਆ** ਅਤੇ ਇਹ ਜੋ ਕੇਫ਼ਾਸ ਨੂੰ ਅਤੇ ਫੇਰ ਉਨ੍ਹਾਂ ਬਾਰਾਂ ਨੂੰ ਦਰਸ਼ਣ ਦਿੱਤਾ ਅਤੇ ਮਗਰੋਂ ਕੁਝ ਉੱਪਰ ਪੰਜ ਸੌ ਭਾਈਆਂ ਨੂੰ ਇੱਕੋ ਵਾਰੀ ਦਰਸ਼ਣ ਦਿੱਤਾ

2 ਕੁਰਿੰਥੀਆਂ 5:19 & 21 ਪਰਮੇਸ਼ੁਰ ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ **ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ** ਉਹ ਨੇ ਉਸ ਨੂੰ ਜਿਹੜਾ **ਪਾਪ ਦਾ ਜਾਣੂ ਨਹੀਂ** ਸੀ **ਸਾਡੀ ਖ਼ਾਤਰ ਪਾਪ ਠਹਿਰਾਇਆ** ਤਾਂ ਜੋ **ਅਸੀਂ** ਉਸ ਵਿੱਚ **ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ**।

ਰੋਮੀਆਂ 3:22-25 **ਉਹ ਧਰਮ ਜਿਹੜਾ ਯਿਸੂ ਮਸੀਹ ਉੱਤੇ ਨਿਹਚਾ ਕਰਨ ਤੋਂ ਪਾਈਦਾ ਹੈ, ਉਨ੍ਹਾਂ ਸਭਨਾਂ ਦੇ ਲਈ ਹੈ ਜਿਹੜੇ ਨਿਹਚਾ ਕਰਦੇ ਹਨ।** [23] ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ, **ਸੋ ਉਹ ਦੀ ਕਿਰਪਾ ਨਾਲ** ਉਸ ਨਿਸਤਾਰੇ ਦੇ ਕਾਰਨ ਜੋ ਮਸੀਹ ਯਿਸੂ ਤੋਂ ਹੁੰਦਾ ਹੈ ਓਹ **ਮੁਖ਼ਤ ਧਰਮੀ ਗਿਣੇ ਜਾਂਦੇ** ਹਨ। ਜਿਹ ਨੂੰ ਪਰਮੇਸ਼ੁਰ ਨੇ **ਉਹ ਦੇ ਲਹੂ ਉੱਤੇ ਨਿਹਚਾ ਕਰਨ ਨਾਲ** ਪ੍ਰਾਸਚਿੱਤ ਠਹਿਰਾਇਆ।

ਇਬਰਾਨੀਆਂ 9:22 ਬਿਨਾ ਲਹੂ ਵਹਾਏ ਮਾਫ਼ੀ ਹੁੰਦੀ ਹੀ ਨਹੀਂ।

ਇਬਰਾਨੀਆਂ 9:12-13 ਯਿਸੂ **ਆਪਣੇ ਹੀ ਲਹੂ ਦੇ ਰਾਹੀਂ** ਪਵਿੱਤਰ ਅਸਥਾਨਾਂ ਦੇ ਅੰਦਰ **ਸਦੀਪਕ ਨਿਸਤਾਰਾ ਕਮਾ ਕੇ** ਇੱਕੋ ਵਾਰ ਅੰਦਰ ਗਿਆ। ਉਨ੍ਹਾਂ ਸਭਨਾਂ ਲਈ ਜੋ ਵਿਸ਼ਵਾਸ ਕਰਦੇ ਹਨ।

ਯੂਹੰਨਾ 3:16 ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ **ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ**।

ਯੂਹੰਨਾ 1:12 ਪਰ ਜਿੰਨਿਆਂ ਨੇ **ਉਸ ਨੂੰ ਕਬੂਲ ਕੀਤਾ** ਉਸ ਨੇ ਉਨ੍ਹਾਂ ਨੂੰ ਪਰਮੇਸ਼ੁਰ ਦੇ ਪੁਤ੍ਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਨੇ **ਉਸ ਦੇ ਨਾਮ ਉੱਤੇ ਨਿਹਚਾ ਕੀਤੀ।**

ਜੇਕਰ ਤੁਸੀਂ ਇਸ ਸਚਾਈ ਉੱਤੇ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਹੁਣੇ ਯਿਸੂ ਨਾਲ ਗੱਲ ਕਰਕੇ ਤੁਰੰਤ ਆਪਣੇ ਪਾਪਾਂ ਦੀ ਮਾਫ਼ੀ ਅਤੇ ਸਦੀਪਕ ਜੀਵਨ ਹਾਸਲ ਕਰ ਸਕਦੇ ਹੋ:

(1) ਉਸ ਅੱਗੇ ਇਕਰਾਰ ਕਰੋ ਕਿ ਤੁਸੀਂ ਪਾਪੀ ਹੋ ਅਤੇ

(2) ਇਹ ਵਿਸ਼ਵਾਸ ਕਰਦੇ ਹੋ ਕਿ ਉਹ ਮੁਕਤੀਦਾਤਾ ਹੈ ਅਤੇ

(3) ਫਿਰ ਯਿਸੂ ਨੂੰ ਕਹੋ ਕਿ ਉਹ ਤੁਹਾਡੇ ਜੀਵਨ ਵਿੱਚ ਆਵੇ, ਤੁਹਾਡਾ ਪ੍ਰਭੂ ਬਣੇ ਅਤੇ ਉਹ ਇਨਸਾਨ ਬਣਨ ਵਿੱਚ ਤੁਹਾਡੀ ਮਦਦ ਕਰੇ ਜੋ ਉਹ ਚਾਹੁੰਦਾ ਹੈ ਕਿ ਤੁਸੀਂ ਬਣੋ।

ਯੂਹੰਨਾ 14:6 ਯਿਸੂ ਨੇ ਆਖਿਆ, ਰਾਹ ਸਚਿਆਈ ਅਤੇ ਜੀਉਣ ਮੈਂ ਹਾਂ। **ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ।**

ਰਸੂਲਾਂ ਦੇ ਕਰਤਬ 4:12 ਅਰ **ਕਿਸੇ ਦੂਏ ਤੋਂ ਮੁਕਤੀ ਨਹੀਂ** ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ **ਕੋਈ ਦੂਜਾ ਨਾਮ ਨਹੀਂ** ਦਿੱਤਾ ਗਿਆ **ਜਿਸ ਤੋਂ ਅਸੀਂ ਬਚਾਏ ਜਾਣਾ ਹੈ।**